# ਦਫਤਰ ਨਗਰ ਸੁਧਾਰ ਟਰੱਸਟ ਬਠਿੰਡਾ

## ਦਫਤਰੀ ਹੁਕਮ

ਨੰ: 18 ਮਿਤੀ: 01/10/2026

ਜਿਵੇ ਕਿ ਨਗਰ ਸੁਧਾਰ ਟਰੱਸਟ ਬਠਿੰਡਾ ਵਲੋ ਸ਼ਹੀਦ ਕਰਤਾਰ ਸਿੰਘ ਸਰਾਭਾ ਕੰਪਲੈਕਸ (ਪਟੇਲ ਨਗਰ) ਸਕੀਮ ਵਿਚਲੀਆ ਜਾਇਦਾਦਾ ਦੀ ਆਕਸ਼ਨ ਲਈ ਰਜਿਸਟਰੇਸ਼ਨ ਦੀ ਮਿਤੀ 11-09-2026 ਤੋ ਮਿਤੀ 03-10-2026 ਤੱਕ ਅਤੇ ਬਿੱਡ ਦੇਣ ਦੀ ਮਿਤੀ 05-10-2026 ਤੋਂ ਮਿਤੀ 07-10-2026 ਤੱਕ ਨਿਰਧਾਰਿਤ ਕੀਤੀ ਗਈ ਸੀ, ਹੁਣ ਨਿਮਨਹਸਤਾਖਰ ਪਾਸ ਨਿੱਜੀ ਤੌਰ ਤੇ ਆ ਕੇ ਅਤੇ ਈ-ਮੇਲਾਂ ਰਾਹੀਂ ਆਮ ਪਬਲਿਕ ਵੱਲੋ ਦੱਸਿਆ ਗਿਆ ਹੈ ਕਿ ਉਹਨਾ ਨੂੰ ਉਕਤ ਆਕਸ਼ਨ ਵਿੱਚ ਰਜਿਸਟਰੇਸ਼ਨ ਕਰਨ ਲਈ www.tenderwizard/DLGP ਸਾਈਟ ਵਿੱਚ ਰਜਿਸਟਰਡ ਹੋਣ ਵਿੱਚ ਦਿੱਕਤ ਪੇਸ਼ ਆ ਰਹੀ ਹੈ, ਜਿਸ ਸਬੰਧੀ ਮੁੱਖ ਦਫਤਰ ਚੰਡੀਗੜ੍ਹ ਵਿਖੇ ਵੀ ਰਾਬਤਾ ਕੀਤਾ ਗਿਆ ਹੈ, ਮੁੱਖ ਦਫਤਰ ਦੇ ਅਧਿਕਾਰੀਆਂ ਅਨੁਸਾਰ ਉਕਤ ਸਾਈਟ ਵਿੱਚ ਤਕਨੀਕੀ ਤੌਰ ਤੇ ਦਿੱਕਤ ਪੇਸ਼ ਆ ਰਹੀ ਹੈ, ਜਿਸਦੇ ਜਲਦੀ ਹੀ ਠੀਕ ਹੋਣ ਦੇ ਆਸਾਰ ਹਨ। ਇਸ ਸਬੰਧੀ ਉਹਨਾਂ ਵਲੋਂ ਟਰੱਸਟ ਨੂੰ ਈ-ਮੇਲ ਰਾਹੀਂ ਵੀ ਜਾਣੂ ਕਰਵਾ ਦਿੱਤਾ ਗਿਆ ਹੈ।

ਇਸ ਲਈ ਮੁੱਖ ਦਫਤਰ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦਿਆ ਹੋਇਆਂ ਇਸ ਆਕਸ਼ਨ ਦੀ ਮਿਤੀ ਵਿੱਚ ਵਾਧਾ ਕਰਦੇ ਹੋਏ ਰਜਿਸਟਰੇਸ਼ਨ ਦੀ ਮਿਤੀ 09-10-2026 ਤੱਕ ਵਧਾਈ ਜਾਂਦੀ ਹੈ, ਅਤੇ ਬਿੱਡ ਦੇਣ ਦੀ ਮਿਤੀ 12-10-2026 ਤੋਂ 14-10-2026 ਤੱਕ ਨਿਰਧਾਰਿਤ ਕੀਤੀ ਜਾਂਦੀ ਹੈ। ਇੰਨ੍ਹਾਂ ਹੁਕਮਾਂ ਨੂੰ ਤੁਰੰਤ ਪ੍ਰਭਾਵ ਨਾਲ www.tenderwizard/DLGP ਅਤੇ www.improvementtrustbti.in ਸਾਈਟਾਂ ਤੇ ਅੱਪਲੋਡ ਕਰਨਾ ਅਤੇ ਆਮ ਪਬਲਿਕ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

S Bhalla

ਚੇਅਰਮੈਨ
ਨਗਰ ਸੁਧਾਰ ਟਰਸਟ
ਬਠਿੰਡਾ

ਇਸਦਾ ਉਤਾਰਾ ਕਾਰਜ ਸਾਧਕ ਅਫਸਰ ਨਗਰ ਸੁਧਾਰ ਟਰੱਸਟ ਬਠਿੰਡਾ ਨੂੰ ਹੁਕਮਾਂ ਦੀ ਪਾਲਣਾ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ।

S Bhalla

ਚੇਅਰਮੈਨ
ਨਗਰ ਸੁਧਾਰ ਟਰਸਟ
ਬਠਿੰਡਾ